ਸਹਿਕਾਰਤਾ ਵਿਭਾਗ ਦੇ ਇੱਕ ਮਹੱਤਵਪੂਰਨ ਅੰਗ ਵੱਜੋਂ ਸਹਿਕਾਰੀ ਮਕਾਨ ਉਸਾਰੀ ਫੈਡਰੇਸ਼ਨ ਜਾਂ ਹਾਊਸਫੈਡ ਹੋਂਦ ਵਿੱਚ ਆਈ। ਹੁਸ਼ਿਆਰਪੁਰ ਵਿੱਚ ਹਾਊਸਫੈਡ ਦਾ ਇਹ ਦਫ਼ਤਰ 203-ਐਲ, ਮਾਡਲ ਟਾਊਨ, ਹੁਸ਼ਿਆਰਪੁਰ ਵਿੱਚ ਸਥਿਤ ਹੈ।

**ਹਾਊਸਫੈਡ ਦੇ ਕੰਮ ਕਾਜ ਬਾਰੇ ਸੰਖੇਪ ਜਾਣਕਾਰੀ**

1970 ਤੋਂ ਹਾਊਸਫੈਡ ਸੰਸਥਾ ਪੰਜਾਬ ਰਾਜ ਵਿੱਚ ਕੰਮ ਕਰ ਰਹੀ ਹੈ, ਜਿਸਦੇ ਜ਼ਿਲ੍ਹਾ ਪੱਧਰ ਤੇ ਦਫ਼ਤਰ ਹਨ। ਇਹ ਸੰਸਥਾ ਸ਼ਹਿਰਾਂ ਅਤੇ ਪਿੰਡਾਂ ਵਿੱਚ ਨਵੇਂ ਅਤੇ ਪੱਕੇ ਮਕਾਨਾਂ ਦੀ ਉਸਾਰੀ ਲਈ ਸਧਾਰਨ ਸ਼ਰਤਾਂ ਤੇ ਲੰਮੇ ਸਮੇਂ ਲਈ ਅਸਾਨ ਕਿਸ਼ਤਾਂ ਵਿੱਚ ਮੋੜਨਯੋਗ/ਕਰਜ਼ਾ ਮੁਹੱਈਆ ਕਰਦੀ ਹੈ। ਇਸ ਜ਼ਿਲ੍ਹੇ ਵਿੱਚ 10 ਸ਼ਹਿਰੀ ਅਤੇ 11 ਪੇਂਡੂ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਕੰਮ ਕਰ ਰਹੀਆਂ ਹਨ, ਜਿਹਨਾਂ ਰਾਹੀਂ ਹਾਊਸਫੈਡ ਕਰਜ਼ਾ ਦਿੰਦੀ ਹੈ।

**ਕਰਜ਼ੇ ਦੀ ਹੱਦ**

ਕਰਜ਼ੇ ਦੀ ਵੱਧ ਤੋਂ ਵੱਧ ਹੱਦ ਪਿੰਡਾਂ ਅਤੇ ਸ਼ਹਿਰਾਂ ਲਈ 5 ਲੱਖ ਰੁਪਏ ਹੈ।

**ਸ਼ਹਿਰੀ ਕਰਜ਼ਾ**

ਇਹ ਕਰਜ਼ਾ ਸ਼ਹਿਰੀ ਮਿਊਂਸੀਪਲ ਕਮੇਟੀ ਵੱਲੋਂ ਨਕਸ਼ਾ ਪਾਸ ਕੀਤੇ ਪਲਾਟ ਤੇ ਦਿੱਤਾ ਜਾਂਦਾ ਹੈ। ਸਕਿਓਰਟੀ ਵਜੋਂ ਸ਼ਹਿਰੀ ਪਲਾਟ ਹਾਊਸਫੈਡ ਦੇ ਹੱਕ ਵਿੱਚ ਆੜ-ਰਹਿਨ ਜਾਂ ਪਲੈਜ਼ ਕੀਤਾ ਜਾਂਦਾ ਹੈ।

**ਪੇਂਡੂ ਕਰਜ਼ਾ**

ਇਹ ਕਰਜ਼ਾ ਕਰਜ਼ਦਾਰ ਨੂੰ ਉਸ ਦੀ ਜ਼ਮੀਨ ਗਿਰਵੀ ਰੱਖਣ ਉਪਰੰਤ ਦਿੱਤਾ ਜਾਂਦਾ ਹੈ। ਵਾਹੀਯੋਗ ਜ਼ਮੀਨ ਤੇ 1.80 ਲੱਖ ਅਤੇ ਬਰਾਨੀ ਜ਼ਮੀਨ ਤੇ 0.90 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਬਣਦੀ ਕੀਮਤ ਤੇ 70 ਪ੍ਰਤੀਸ਼ਤ ਹੱਕ ਦਾ ਕਰਜ਼ਾ ਦਿੱਤਾ ਜਾਂਦਾ ਹੈ। ਕੁੱਲ ਵੱਧ ਤੋਂ ਵੱਧ 5 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਂਦਾ ਹੈ। ਵਿਆਜ਼ ਦੀ ਦਰ ਇੱਕ ਲੱਖ ਤੱਕ 10%, ਦੋ ਲੱਖ ਤੱਕ 11% ਅਤੇ 2 ਲੱਖ ਤੋਂ ਉਪਰ 12% ਸਲਾਨਾ ਹੈ। ਕਰਜ਼ਾ ਵਾਪਸ ਕਰਨ ਦਾ ਸਮਾਂ 15 ਸਾਲ ਹੈ ਤੇ ਮੈਂਬਰ ਆਪਣੀ ਮਰਜ਼ੀ ਨਾਲ ਕਿਸੇ ਵੇਲੇ ਵੀ ਵਾਪਿਸ ਕਰ ਸਕਦਾ ਹੈ ਤੇ ਫਿਰ ਵਿਆਜ਼ ਕਰਜ਼ਾ ਵਾਪਸ ਕਰਨ ਸਮੇਂ ਤੱਕ ਹੀ ਲਿਆ ਜਾਂਦਾ ਹੈ।

**ਮਕਾਨਾਂ ਵਿੱਚ ਵਾਧੇ ਲਈ ਕਰਜ਼ਾ**

ਇਸ ਮੰਤਵ ਲਈ ਸ਼ਹਿਰਾਂ ਵਿੱਚ 2.00 ਲੱਖ ਰੁਪਏ ਤੱਕ ਦਾ ਕਰਜ਼ਾ ਦਿੱਤਾ ਜਾਂਦਾ ਹੈ ਜੋ ਕਿ 22 ਛਿਮਾਹੀ ਕਿਸ਼ਤਾਂ ਵਿੱਚ ਸਵਾ ਅੱਠ ਸਾਲਾਂ ਵਿੱਚ ਮੋੜਨਾ ਹੁੰਦਾ ਹੈ। ਇਸ ਦੀ ਵਿਆਜ਼ ਦਰ ਦੂਸਰੇ ਕਰਜ਼ੇ ਨਾਲੋਂ 1% ਜ਼ਿਆਦਾ ਹੈ।

**ਕਰਜ਼ਾ ਕੇਸ ਤਿਆਰ ਕਰਨ ਲਈ ਨਿਮਨਲਿਖਤ ਕਾਗਜ਼ ਲੋੜੀਂਦੇ ਹਨ -**

| | ਪੇਂਡੂ | ਸ਼ਹਿਰੀ |
|---|---|---|
| 1. | ਫ਼ਰਦ ਜਮਾਂਬੰਦੀ (ਜ਼ਮੀਨ ਦੀ ਮਾਲਕੀ ਦਾ ਸਬੂਤ) | ਅਸਲ ਰਜਿਸਟਰੀ |
| 2. | ਗਿਰਦਾਵਰੀ ਦੋ ਸਾਲਾਂ ਦੀ | ਫ਼ਰਦ ਜਮਾਂਬੰਦੀ |

| | | |
|---|---|---|
| | (ਕਾਸ਼ਤਕਾਰ/ਕਬਜ਼ੇ ਦਾ ਸਬੂਤ) | |
| 3. | ਫ਼ਰਦ ਹਕੀਅਤ (ਬਿਨੈਕਾਰ ਦਾ ਜ਼ਮੀਨ ਵਿੱਚ ਬਣਦਾ ਹੱਕ-ਮਾਲ ਰਿਕਾਰਡ ਅਨੁਸਾਰ) | ਬਿਲਾਂ ਭਾਰ ਸਰਟੀਫਿਕੇਟ 12 ਸਾਲ |
| 4. | ਬਿਲਾਂ ਭਾਰ ਸਰਟੀਫਿਕੇਟ (12 ਸਾਲਾਂ ਲਈ) | ਨਕਸ਼ਾ ਪ੍ਰਵਾਨ ਮਿਉਂਸੀਪਲ ਕਮੇਟੀ |
| 5. | ਨਕਸ਼ਾ ਐਸਟੀਮੇਟ | ਐਸਟੀਮੇਟ |
| 6. | ਹਲਫ਼ੀਆ ਬਿਆਨ | ਹਲਫ਼ੀਆ ਬਿਆਨ |
| 7. | ਰਾਸ਼ਨ ਕਾਰਡ ਦੀ ਕਾਪੀ | ਰਾਸ਼ਨ ਕਾਰਡ ਦੀ ਕਾਪੀ |
| 8. | ਤਿੰਨ ਫੋਟੋਆਂ | ਤਿੰਨ ਫੋਟੋਆਂ |

ਇਨ੍ਹਾਂ ਦਸਤਾਵੇਜ਼ਾਂ ਨਾਲ ਕੋਈ ਵੀ ਹੱਕਦਾਰ ਵਿਅਕਤੀ ਹਾਊਸਫੈਡ ਦੀਆਂ ਸੇਵਾਵਾਂ ਲੈਣ ਲਈ ਕਿਸੇ ਵੀ ਕੰਮ ਦੇ ਦਿਨ ਕਾਰੋਬਾਰੀ ਸਮੇਂ ਵਿੱਚ ਇਸ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ ਅਤੇ ਵਿਭਾਗ ਦੀਆਂ ਸਕੀਮਾਂ ਦਾ ਲਾਭ ਉਠਾ ਸਕਦਾ ਹੈ।